بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.06.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਰਮਜ਼ਾਨ ਵਿੱਚ ਜੱਦ ਜੱਦ ਅਸੀਂ ਚਾਹੁੰਦੇ ਹਾਂ ਕਿ ਰੱਬ ਦਾ ਤਕਵਾ' (ਸੰਜਮਤਾ) ਧਾਰਨ ਕਰੀਏ, ਉਸ ਦੀ ਨੇੜਤਾ ਸਾਨੂੰ ਮਿਲੇ, ਆਪਣੀਆਂ ਦੁਆਵਾਂ ਨੂੰ ਅਸੀਂ ਪਰਵਾਨ ਹੁੰਦਾ ਦੇਖੀਏ ਤਾਂ ਉਹਨਾਂ ਬੁਰਾਈਆਂ ਤੋਂ ਬਚਣ ਦਾ ਅਤੇ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਦਾ ਸਾਨੂੰ ਬਹੁਤ ਅਧਿਕ ਜਤਨ ਕਰਨਾ ਚਾਹੀਦਾ ਹੈ ।

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਜੂਨ 2016 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ ।

ਬੀਤੇ ਜੁਮਏ ਦੇ ਖ਼ੁਤਬੇ ਵਿੱਚ ਇਹ ਗੱਲ ਵਰਨਣ ਹੋਈ ਸੀ ਕਿ ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ਦੁਆਵਾਂ ਦੀ ਪਰਵਾਨਗੀ ਲਈ ਰੱਬ ਉਪੱਰ ਕਾਮਲ ਈਮਾਨ ਅਤੇ ਉਸ ਨੂੰ ਸਾਰੀਆਂ ਕੁਦਰਤਾਂ ਦਾ ਮਾਲਕ ਸਮਝਦੇ ਹੋਏ ਉਸ ਤੋਂ ਮੰਗਣਾ ਅਤੇ ਉਸ ਦੇ ਹੁਕਮਾਂ ਉਪੱਰ ਚਲੱਣਾ ਜ਼ਰੂਰੀ ਹੈ । ਅਲੱਾਹ ਤਆਲਾ ਦੇ ਕੀ ਹੁਕੁਮ (ਆਦੇਸ਼) ਹਨ, ਉਸ ਲਈ ਰੱਬ ਨੇ ਸਾਨੂੰ ਕੁਰਆਨ ਕਰੀਮ ਜਿਹੀ ਮਹਾਨ ਕਿਤਾਬ ਪ੍ਰਦਾਨ ਕੀਤੀ ਹੈ । ਜਿਸ ਵਿੱਚ ਰੱਬ ਦੇ ਸਾਰੇ ਆਦੇਸ਼ਾਂ ਸਾਰੇ ਹੁਕੁਮ ਤੇ ਰੋਕਾਂ ਮੌਜੂਦ ਹਨ । ਰੱਬ ਨੇ ਜੱਦ ਇਹ ਫ਼ਰਮਾਇਆ ਕਿ 'ਫ਼ਲ ਯਸਤਾਜੀਬੂਲੀ' (فَلۡیَسۡتَجِیۡبُوۡا لِیۡ) ਕਿ ਮੇਰੇ ਬੰਦੇ ਮੇਰੇ ਹੁਕਮਾਂ ਨੂੰ ਕੁਬੂਲ ਕਰਨ, ਉਹ ਹੁਕੁਮ ਜੋ ਕੁਰਆਨ ਕਰੀਮ ਵਿੱਚ ਮੌਜੂਦ ਹਨ ਉਹਨਾਂ ਨੂੰ ਕੁਬੂਲ ਕਰਨ, ਇਸ ਦੇ ਸਿੱਟੇ ਵਿੱਚ ਰੱਬ ਦੁਆਵਾਂ ਵੀ ਕੁਬੂਲ ਕਰੇਗਾ ਅਤੇ ਸੁਮਾਰਗ ਵੀ ਪ੍ਰਾਪਤ ਹੋਵੇਗਾ ।

ਕੁਰਆਨ ਕਰੀਮ ਵਿੱਚ ਬਹੁਤ ਆਦੇਸ਼ ਹਨ ਜਿੰਨ੍ਹਾ ਦੇ ਕਰਨ ਜਾਂ ਨ ਕਰਨ ਦਾ ਰੱਬ ਨੇ ਸਾਨੂੰ ਹੁਕੁਮ ਦਿੱਤਾ ਹੈ ਜਿੰਨ੍ਹਾ ਦੀ ਸਮੇਂ ਸਮੇਂ ਜੁਗਾਲੀ ਕਰਦੇ ਰਹਿਣਾ ਚਾਹੀਦਾ ਹੈ ਦਹੁਰਾਉਂਦੇ ਰਹਿਣਾ ਚਾਹੀਦਾ ਹੈ । ਇਸ ਸਮੇਂ ਮੈਂ ਕੁਝ ਆਦੇਸ਼ ਲਏ ਹਨ ਜਿੰਨ੍ਹਾ ਵਿੱਚੋਂ ਸਭ ਤੋਂ ਮੁਢੱਲਾ ਆਦੇਸ਼ ਜੋ ਹਰ ਸਮੇਂ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ਅਤੇ ਜੋ ਮਨੁੱਖ ਦੀ ਪੈਦਾਇਸ਼ ਦਾ ਉਦੇਸ਼ ਵੀ ਹੈ ਉਹ ਰੱਬ ਦੀ ਇਬਾਦਤ ਕਰਨਾ ਹੈ । ਜਿਵੇਂ ਕਿ ਰੱਬ ਨੇ ਫ਼ਰਮਾਇਆ 'ਵਮਾ ਖ਼ਲਕਤੁਲ ਜਿਨੱਾ ਵਲ ਇੰਸਾ ਇਲੱਾ ਲਿ-ਯਾਬੁਦੂਨਿ' (وَمَا خَلَقۡتُ الۡجِنَّ وَالۡاِنۡسَ اِلَّا لِیَعۡبُدُوۡنِ) ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਸ ਦਾ ਅਰਥ ਇਉਂ ਕੀਤਾ ਹੈ ਕਿ ਮੈਂ ਜਿੰਨ ਤੇ ਇੰਸ ਨੂੰ ਇਸ ਲਈ ਪੈਦਾ ਕੀਤਾ ਹੈ ਕਿ ਉਹ ਮੇਰੀ ਇਬਾਦਤ ਕਰਨ ।

ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਇਸ ਵਿਸ਼ੇ ਨੂੰ ਮੈਂ ਕਈ ਵਾਰ ਵਰਨਣ ਕਰ ਚੁਕਿਆਂ ਹਾਂ । ਵਾਰ ਵਾਰ ਇਸ ਗੱਲ ਧਿਆਨ ਦੁਆਉਂਦਾ ਰਹਿੰਦਾ ਹਾਂ, ਪਰ ਸਾਡੇ ਵਿੱਚੋਂ ਬਹੁਤ ਸਾਰੇ ਕੁਝ ਦਿਨ ਚੇਤੇ ਰਖੱਦੇ ਹਨ ਫਿਰ ਭੁੱਲ ਜਾਂਦੇ ਹਨ । ਇੱਥੋਂ ਤੱਕ ਕਿ ਮੇਰੀ ਜਾਨਕਾਰੀ ਵਿੱਚ ਵੀ ਹੈ ਮੈਂ ਦੇਖਿਆ ਹੈ ਕਿ ਕਈ ਵਾਕਫ਼ੀਨ ਜ਼ਿੰਦਗੀ (ਧਰਮ ਲਈ ਜੀਵਨ ਵਕਫ਼ ਕਰਨ ਵਾਲੇ) ਸਗੋਂ ਜਿੰਨ੍ਹਾ ਨੇ ਧਾਰਮਕ ਗਿਆਨ ਵੀ ਪ੍ਰਾਪਤ ਕੀਤਾ

ਹੋਇਆ ਹੈ ਅਤੇ ਗਿਆਨ ਦੇ ਪੱਖੋਂ ਇਸ ਦੀ ਮਹਤੱਾ ਨੂੰ ਵੀ ਸਮਝਦੇ ਹਨ, ਉਹ ਵੀ ਇਸ ਵੱਲ ਧਿਆਨ ਨਹੀਂ ਦਿੰਦੇ ਜਿਸ ਵੱਲ ਧਿਆਨ ਦੇਣਾ ਚਾਹੀਦਾ ਹੈ । ਫਿਰ ਜਮਾਤ ਦੇ ਅਹੁਦੇਦਾਰ ਹਨ, ਮੀਟਿੰਗਜ਼ ਵਿੱਚ ਤਾਂ ਆਪਣੀਆਂ ਯੋਗਤਾਵਾਂ ਪ੍ਰਕਟ ਕਰਨ ਦੇ ਜਤਨ ਕਰਦੇ ਹਨ । ਕਿਸੇ ਦਾ ਮਾਮਲਾ ਪੇਸ਼ ਹੋ ਜਾਵੇ ਤਾਂ ਉਸ ਨੂੰ ਕੁਰਆਨ ਤੇ ਹਦੀਸਾਂ ਦੇ ਹਵਾਲਿਆਂ ਨਾਲ ਸਮਝਾਉਂਦੇ ਹਨ, ਪਰ ਕਈ ਅਜਿਹੇ ਹਨ ਕਿ ਆਪ ਉਸ ਮੁਢੱਲੇ ਹੁਕਮ ਉਪੱਰ ਧਿਆਨ ਨਹੀਂ ਦਿੰਦੇ ਜੋ ਹੋਣਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ :

ਤੁਸੀਂ ਇਸ ਗੱਲ ਨੂੰ ਸਮਝ ਲਓ ਕਿ ਤੁਹਾਡੇ ਪੈਦਾ ਕਰਨ ਦੀ ਰੱਬ ਦੀ ਇਹ ਗ਼ਰਜ਼ (ਉਦੇਸ਼) ਹੈ ਕਿ ਤੁਸੀਂ ਉਸ ਦੀ ਇਬਾਦਤ ਕਰੋ ਅਤੇ ਉਸ ਲਈ ਬਣ ਜਾਓ । ਦੁਨੀਆ ਕਮਾਉਣਾ ਤੁਹਾਡਾ ਉਦੇਸ਼ ਨ ਹੋਵੇ । ਮੈਂ ਇਸ ਲਈ ਵਾਰ ਵਾਰ ਇਸ ਗੱਲ ਨੂੰ ਵਰਨਣ ਕਰਦਾ ਹਾਂ ਕਿ ਮੇਰੇ ਅਨੁਸਾਰ ਇਹੋ ਇਕ ਗੱਲ ਹੈ ਜਿਸ ਲਈ ਮਨੁੱਖ ਆਇਆ ਹੈ । ਅਤੇ ਇਹੋ ਗੱਲ ਹੈ ਜਿਸ ਤੋਂ ਉਹ ਦੂਰ ਪਿਆ ਹੋਇਆ ਹੈ । ਆਪ ਆਲੈਹਿ ਸਲਾਮ ਨੇ ਇਸ ਗੱਲ ਦੀ ਹੋਰ ਵਿਆਖਿਆ ਕਰਦਿਆਂ ਹੋਇਆਂ ਦੱਸਿਆ ਕਿ ਦੁਨੀਆ ਨੂੰ ਆਪਣਾ ਟੀਚਾ ਬਨਾਉਣ ਤੋਂ ਇਹ ਅਰਥ ਨਹੀਂ ਹੈ ਕਿ ਤੁਸੀਂ ਸੰਸਾਰਕ ਕੰਮ ਹੀ ਨ ਕਰੋ, ਬੇਸ਼ਕ ਉਹ ਵੀ ਕਰੋ ਪਰ ਜੋ ਇਬਾਦਤਾਂ (ਬੰਦਗੀ) ਦੀ ਜ਼ਿੰਮੇਦਾਰੀ ਹੈ ਸਗੋਂ ਜੋ ਜਨਮ ਦਾ ਉਦੇਸ਼ ਹੈ ਉਹ ਤੁਹਾਡੇ ਲਈ ਪਹਿਲ ਦੇ ਅਧਾਰ'ਤੇ ਹੋਣਾ ਚਾਹੀਦਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਕੱਲ ਰਮਜ਼ਾਨ ਵਿੱਚ ਇਸ ਉਪੱਰ ਸਾਧਾਰਣ ਤੌਰ'ਤੇ ਅਮਲ ਹੋ ਰਿਹਾ ਹੈ । ਇਸ ਗੱਲ ਦਾ ਪੂਰਾ ਜਤਨ ਕਰਨਾ ਚਾਹੀਦਾ ਹੈ ਕਿ ਕੇਵਲ ਰਮਜ਼ਾਨ ਵਿੱਚ ਹੀ ਨਹੀਂ ਕਿ ਰਮਜ਼ਾਨ ਵਿੱਚ ਹੀ ਰੱਬ ਦੇ ਦੱਸੇ ਹੋਏ ਤਰੀਕਿਆਂ ਅਨੁਸਾਰ ਇਬਾਦਤ ਉਪੱਰ ਜ਼ੋਰ ਨਹੀਂ ਦੇਣਾ ਸਗੋਂ ਇਹ ਜਤਨ ਹੋਵੇ ਕਿ ਇਸ ਰਮਜ਼ਾਨ ਦੀ ਟ੍ਰੇਨਿੰਗ, ਸੀਖ ਤੇ ਮੁਜਾਹਿਦੇ ਨੇ ਸਾਡੇ ਵਿੱਚ ਜੋ ਇਬਾਦਤਾਂ ਵੱਲ ਤਵਜੁੱਹ ਵਿੱਚ ਬਿਹਤਰੀ ਲਿਆਂਦੀ ਹੈ ਹੁਣ ਅਸੀਂ ਉਸਨੂੰ ਨਿਰੰਤਰ ਆਪਣੇ ਜੀਵਨ ਦਾ ਹਿਸੱਾ ਬਨਾਉਂਣਾ ਹੈ । ਆਪਣੇ ਨਮੂਨੇ ਕਾਇਮ ਕਰਨੇ ਹਨ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ :

ਜੱਦ ਰੱਬ ਦਾ ਨਿਸ਼ਚਾ ਮਨੁੱਖੀ ਖ਼ਲਕਤ ਤੋਂ ਕੇਵਲ ਇਬਾਦਤ ਦਾ ਹੈ ਤਾਂ ਮੋਮਿਨ ਦੀ ਸ਼ਾਨ ਨਹੀਂ ਕਿ ਕਿਸੇ ਦੂਜੀ ਚੀਜ਼ ਨੂੰ ਐਨ ਮੰਤਵ ਬਣਾਵੇ । ਨਫ਼ਸ (ਵੁਜੂਦ) ਦੇ ਲੋੜੀਂਦੇ ਹੱਕ ਤਾ ਜਾਇਜ਼ ਹਨ ਪਰ ਨਫ਼ਸ ਦੀ ਵਧੀਕੀਆਂ ਉਚਿਤ ਨਹੀਂ । ਨਫ਼ਸ ਦੇ ਹੱਕ ਵੀ ਕੇਵਲ ਇਸ ਲਈ ਜਾਇਜ਼ ਹਨ ਕਿ ਕਿਤੇ ਉਹ ਵਿਚਾਰੇ (ਔਕੁੜਾਂ ਵਿਚ ਗ੍ਰਿੱਸੇ) ਹੀ ਹੋਕੇ ਨ ਰਹਿ ਜਾਣ । ਤੁਸੀਂ ਵੀ ਇਹਨਾਂ ਚੀਜਾਂ ਨੂੰ ਇਸੇ ਵਾਸਤੇ ਕੰਮ ਵਿੱਚ ਲਿਆਓ । ਇਹਨਾਂ ਤੋਂ ਕੰਮ ਇਸ ਲਈ ਲਓ ਕਿ ਇਹ ਤੁਹਾਨੂੰ ਇਬਾਦਤ ਯੋਗ ਬਣਾਈ ਰਖੱਣ, ਇਸ ਲਈ ਕਿ ਉਹੋ ਤੁਹਾਡਾ ਅਸਲ ਟੀਚਾ ਹੋਵੇ ।

ਨਫ਼ਸ ਦੇ ਹੱਕ ਪੂਰੇ ਕਰਨ ਦਾ ਹਦੀਸਾਂ ਵਿੱਚ ਵਰਨਣ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਫ਼ਰਮਾਇਆ ਕਿ ਤੁਹਾਡੇ ਨਫ਼ਸ (ਵਿਅਕਤੀਤਵ) ਦਾ ਵੀ ਤੁਹਾਡੇ'ਤੇ ਅਧਿਕਾਰ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਬੇਸ਼ਕ ਇਹ ਅਧਿਕਾਰ ਹੈ ਪਰ ਇਸ ਵਿੱਚ ਨਿਆਏ ਹੋਣਾ ਚਾਹੀਦਾ ਹੈ ਮਿਆਨਾਰਵੀ (ਸੰਜਮ, ਮਧਸਤਾ) ਹੋਣੀ ਚਾਹੀਦੀ ਹੈ । ਨਫ਼ਸ ਦੇ ਉਚਿਤ ਹੱਕ ਜੋ ਹਨ ਉਹ ਪੂਰੇ ਕਰੋ ਕਿਉਂਕਿ ਇਹ ਹੱਕ ਰੱਬ ਨੇ ਮਨੁੱਖੀ ਸੁਭਾਵ ਵਿੱਚ ਰੱਖੇ ਹਨ ਇਸ ਲਈ ਇਹਨਾਂ ਦਾ ਪੂਰਾ ਕਰਨਾ ਤਾਂ ਅਤਿਅੰਤ ਜ਼ਰੂਰੀ ਹੈ । ਇਹਨਾਂ ਨੂੰ ਆਪਣੇ ਲਾਭ ਤੇ ਵਰਤੋਂ ਵਿੱਚ ਲਿਆਓ ਨਹੀਂ ਤਾਂ ਕੁਝ ਬੱਦ ਚੀਜਾਂ ਅਜਿਹੀਆਂ ਹਨ ਜੇਕਰ ਇਹਨਾਂ ਨੂੰ ਵਰਤੋਂ ਵਿੱਚ ਨ ਲਿਆਂਦਾ ਜਾਵੇ ਅਧਿਕਾਰ ਪੂਰਾ ਨ ਕੀਤਾ ਜਾਵੇ ਤਾਂ ਕੁਝ ਸੰਵੇਦਨਾਵਾ ਖ਼ਤਮ ਹੋ ਜਾਂਦੀਆਂ ਹਨ ਜੋ ਕਿ ਮਨੁੱਖੀ ਜਨਮ ਦਾ ਉਦੇਸ਼ ਨਹੀਂ ਹੈ ਸਗੋਂ ਇਬਾਦਤ ਦੇ ਮੰਤਵ ਦੇ ਨਾਲ ਨਾਲ ਇਹਨਾਂ ਚੀਜਾਂ ਦੀ ਵਰਤੋਂ ਕਰਨਾ ਵੀ ਜ਼ਰੂਰੀ ਹੈ । ਰੱਬ ਦੀਆਂ ਪੈਦਾ ਕੀਤੀਆਂ ਹੋਈਆਂ ਵਿਸ਼ੇਸ਼ਤਾਵਾਂ ਤੇ ਸ਼ਕਤੀਆਂ ਨੂੰ ਵਰਤਨਾ ਜ਼ਰੂਰੀ ਹੈ ਅਤੇ ਨ ਵਰਤਨਾ ਰੱਬ ਦੀ ਨਾਸ਼ੁਕਰੀ ਹੈ । ਇਕ ਸਹਾਬੀਆ ਸਨ, ਉਹਨਾਂ ਦਾ ਬੁਰਾ ਹਾਲ ਸੀ । ਨ ਤਿਆਰ ਹੁੰਦੀ ਸਨ ਨ ਕੰਘੀ ਵਾਹਿਆ ਕਰਦੀ ਸਨ । ਕਿਸੇ ਨੇ ਉਹਨਾਂ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ

ਅਲੈਹਿ ਵਸਲਅਮ ਦੀ ਸੇਵਾ ਵਿੱਚ ਬੇਨਤੀ ਕੀਤੀ ਕਿ ਉਹ ਇਉਂ ਰਹਿੰਦੀ ਹਨ । ਆਪ ਅਲੈਹਿ ਸਲਾਮ ਨੇ ਉਹਨਾਂ ਨੂੰ ਸਦੱਾ ਭਾਜਿਆ । ਉਹਨਾਂ ਨੇ ਕਿਹਾ ਕਿ ਮੈਂ ਕਿਸ ਦੇ ਲਈ ਤਿਆਰ ਹੋਵਾਂ । ਮੇਰਾ ਪਤੀ ਤਾਂ ਦਿਨੇ ਵੀ ਅਤੇ ਰਾਤ ਵੀ ਇਬਾਦਤ ਕਰਦਾ ਹੈ । ਆਪ ਨੇ ਉਸ ਦੇ ਪਤੀ ਨੂੰ ਬੁਲਾਕੇ ਕਿਹਾ ਕਿ ਤੁਹਾਡੇ ਨਫ਼ਸ ਦਾ ਵੀ ਤੁਹਾਡੇ 'ਤੇ ਹੱਕ ਹੈ ਤੁਹਾਡੀ ਪਤਨੀ ਦਾ ਵੀ ਤੁਹਾਡੇ'ਤੇ ਹੱਕ ਹੈ । ਸੋ, ਹਰ ਪ੍ਰਕਾਰ ਦੇ ਹੱਕ ਪੂਰੇ ਹੋਣੇ ਚਾਹੀਦੇ ਹਨ । ਫ਼ਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਬੇਮੌਕਾ ਵਰਤੋਂ ਨਾਲ ਹਲਾਲ ਵੀ ਹਰਾਮ ਹੋ ਜਾਂਦਾ ਹੈ । ਫ਼ਰਮਾਇਆ ਕਿ "ਵਮਾ ਖ਼ਲਕਤੁਲ ਜਿਨੱਾ ਵਲ ਇੰਸਾ ਇਲੱਾ ਲਿ-ਯਾਬੁਦੂਨਿ" (وَمَا خَلَقْتُ الْجِنَّ وَالْاِنْسَ اِلَّا لِيَعْبُدُوْن) ਤੋਂ ਪ੍ਰਕਟ ਹੈ ਕਿ ਇਨਸਾਨ ਕੇਵਲ ਇਬਾਦਤ ਲਈ ਪੈਦਾ ਕੀਤਾ ਗਿਆ ਹੈ । ਸੋ, ਇਸ ਮੰਤਵ ਨੂੰ ਪੂਰਾ ਕਰਨ ਲਈ ਜਿੰਨੀ ਚੀਜ਼ ਦੀ ਉਸ ਨੂੰ ਲੋੜ ਹੈ ਉਸ ਤੋਂ ਅਧਿਕ ਲੈਂਦਾ ਹੈ ਤਾਂ ਭਾਵੇਂ ਉਹ ਚੀਜ਼ ਹਲਾਲ ਹੈ ਪਰ ਉਹ ਵਿਅਰਥ ਹੋਣ ਕਰਕੇ ਉਸ ਲਈ ਹਰਾਮ ਹੋ ਜਾਂਦੀ ਹੈ । ਉਚਿਤ ਵਰਤੋਂ ਹਰ ਇਕ ਚੀਜ਼ ਦੀ ਠੀਕ ਹੈ ਪਰ ਜੇਕਰ ਲੋੜ ਤੋਂ ਵੱਧ ਵਰਤੋਂ ਹੈ ਤਾਂ ਉਹ ਹਲਾਲ ਵੀ ਹਰਾਮ ਬਣ ਜਾਂਦਾ ਹੈ । ਫ਼ਰਮਾਇਆ ਜੋ ਮਨੁੱਖ ਰਾਤ ਦਿਨ ਨਫ਼ਸਾਨੀ ਆਨੰਦਾ ਵਿੱਚ ਲੀਨ ਹੈ ਉਹ ਇਬਾਦਤ ਦਾ ਕੀ ਹੱਕ ਪੂਰਾ ਕਰ ਸਕਦਾ ਹੈ । ਮੋਮਿਨ ਲਈ ਜ਼ਰੂਰੀ ਹੈ ਕਿ ਉਹ ਇਕ ਤਲਖ਼ (ਤੰਗ) ਜੀਵਨ ਬਤੀਤ ਕਰੇ ਪਰ ਐਸ਼ ਤੇ ਵਿਲਾਸਤਾ ਦੇ ਜੀਵਨ ਵਿੱਚ ਤਾਂ ਉਹ ਜੀਵਨ ਦੇ ਉਦੇਸ਼ ਦਾ ਕੁਝ ਵੀ ਭਾਗ ਪ੍ਰਾਪਤ ਨਹੀਂ ਕਰ ਸਕਦਾ ।

ਅਲੱਾਹ ਤਆਲਾ ਨੇ ਨਮਾਜ਼ ਅਤੇ ਇਬਾਦਤ ਦੇ ਵਿਸ਼ੇ ਨੂੰ ਹੋਰ ਵੀ ਅਨੇਕਾਂ ਥਾਵਾਂ ਉਪੱਰ ਵਰਨਣ ਕੀਤਾ ਹੈ । ਸੂਰਤ ਨੂਰ ਵਿੱਚ ਰੱਬ ਫ਼ਰਮਾਉਂਦਾ ਹੈ : "ਰਿਜਾਲੁਨ ਲਾ ਤੁਲਹੀਹਿਮ ਤਿਜਾਰਾਤੁੰਵ ਵਲਾ ਬੈਉਨ ਅਨ ਜ਼ਿਕਰਿਲੱਾਹਿ ਵ ਇਕਾਮਿਸੱਲਾਤਿ ਵ ਈਤਾਇਜ਼ੱਕਾਤਿ, ਯਖ਼ਾਫ਼ੂਨਾ ਯੌਮਨ ਤਤਾਕਲੱਬੁ ਫ਼ੀਹਿਲ ਕੁਲੂਬੁ ਵਲ ਅਬਸਾਰੁ"

(رِجَالٌ لَّا تُلْهِيْهِمْ تِجَارَةٌ وَّلَا بَيْعٌ عَنْ ذِكْرِ اللهِ وَاِقَامِ الصَّلٰوةِ وَاِيْتَآءِ الزَّكٰوةِ يَخَافُوْنَ يَوْمًا تَتَقَلَّبُ فِيْهِ الْقُلُوْبُ وَالْاَبْصَارُ)

ਕਿ ਅਜਿਹੇ ਮਹਾਨ ਪੁਰੁਸ਼ ਜਿੰਨ੍ਹਾ ਨੂੰ ਨ ਕੋਈ ਵਪਾਰ ਅਤੇ ਨ ਕੋਈ ਲੈਣ ਦੇਣ ਰੱਬ ਦੇ ਸਿਮਰਣ ਤੋਂ ਜਾਂ ਨਮਾਜ਼ ਦੇ ਪੜ੍ਹਨ ਤੋਂ ਜਾਂ ਜ਼ਕਾਤ ਦੇਣ ਤੋਂ ਗ਼ਾਫ਼ਲ ਕਰਦੀ ਹੈ, ਉਹ ਉਸ ਦਿਨ ਤੋਂ ਡਰਦੇ ਹਨ ਜਿਸ ਵਿੱਚ ਦਿਲ ਖ਼ੌਫ ਨਾਲ ਉਲਟ ਪਲਟ ਰਹੇ ਹੋਣ ਅਤੇ ਅਖੱਾਂ ਵੀ । ਇਹ ਸਨਮਾਨ ਸਭ ਤੋਂ ਵੱਧਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਦੇ ਸਹਾਬਾ ਨੂੰ ਮਿਲਿਆ ਹੈ ਉਹ ਰੱਬ ਦੇ ਪਿਆਰੇ ਬਣੇ ਅਤੇ ਆਪਣੇ ਸਹਾਬਾ ਬਾਰੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਅਮ ਨੇ ਸਾਨੂੰ ਫ਼ਰਮਾਇਆ ਕਿ ਉਹ ਤੁਹਾਡੇ ਲਈ ਮਾਰਗ ਦਿਖਾਉਣ ਵਾਲੇ ਹਨ ਉਹਨਾਂ ਦੇ ਪਿੱਛੇ ਚੱਲੋ । ਹਜ਼ਰਤ ਅਕਦਸ ਮਸੀਹ ਮੌਊਦ ਅਲੈਹਿ ਸਲਾਮ ਇਸ ਆਇਤ ਦੀ ਵਿਆਖਿਆ ਵਿੱਚ ਫ਼ਰਮਾਉਂਦੇ ਹਨ ਕਿ ਇਕ ਵਿਅਕਤੀ ਦਾ ਵਰਨਣ "ਤਜ਼ਕਿਰਾਹਤੁਲ ਔਲੀਆ" ਵਿੱਚ ਹੈ ਕਿ ਇਕ ਵਿਅਕਤੀ ਹਜ਼ਾਰਾਂ ਹੀ ਰੁਪਈਏ ਦੇ ਲੈਂਣ ਦੇਣ ਕਰਨ ਵਿੱਚ ਲੀਨ ਸੀ । ਇਕ ਵਲੀਉੱਲਾਹ ਨੇ ਉਸ ਨੂੰ ਦੇਖਿਆ ਅਤੇ ਦਿਵਦ੍ਰਿਸ਼ਟੀ ਪਾਈ ਤਾਂ ਉਸ ਨੂੰ ਪਤਾ ਲਗੱਾ ਕਿ ਉਸ ਦਾ ਦਿਲ ਐਨ੍ਹਾਂ ਵੱਡਾ ਲੈਣ ਦੇਣ ਕਰਨ ਦੇ ਬਾਦ ਵੀ ਰੱਬ ਤੋਂ ਗ਼ਾਫ਼ਲ ਨਹੀਂ ਹੋਇਆ । ਆਪ ਫ਼ਰਮਾਉਂਦੇ ਹਨ ਕਿ ਅਜਿਹੇ ਹੀ ਮਨੁੱਖਾਂ ਬਾਰੇ ਰੱਬ ਨੇ ਫ਼ਰਮਾਇਆ ਹੈ ਕਿ 'ਲਾ ਤੁਲਹੀਹਿਮ ਤਿਜਾਰਾਤੁੰਵ ਵਲਾ ਬੈਉਨ ਅਨ ਜ਼ਿਕਰਿਲੱਾਹਿ' (لَا تُلْهِيْهِمْ تِجَارَةٌ وَّلَا بَيْعٌ عَنْ ذِكْرِ اللهِ) ਕੋਈ ਵਪਾਰ ਅਤੇ ਖ਼ਰੀਦੋ ਫ਼ਰੋਖ਼ਤ (ਲੈਂਣ ਦੇਣ ) ਉਹਨਾਂ ਨੂੰ ਗ਼ਾਫ਼ਲ ਨਹੀਂ ਕਰਦਾ ਅਤੇ ਮਨੁੱਖ ਦਾ ਕਮਾਲ ਵੀ ਇਹੋ ਹੈ ਕਿ ਸੰਸਾਰਕ ਵਪਾਰ ਵਿੱਚ ਵੀ ਮਸਰੂਫ਼ ਰੱਖੇ ਅਤੇ ਰੱਬ ਨੂੰ ਵੀ ਨ ਭੁੱਲੇ । ਫ਼ਰਮਾਉਂਦੇ ਹਨ ਕਿ ਉਹ ਟੱਟੂ (ਗਧਾ) ਕਿਸ ਕੰਮ ਦਾ ਜੋ ਸਮੇਂ ਸਿਰ ਭਾਰ ਲਦੱਣ ਸਮੇਂ ਬਹਿ ਜਾਂਦਾ ਹੈ ਅਤੇ ਜੱਦ ਖ਼ਾਲੀ ਹੋਵੇ ਤਾਂ ਰਵਾਂਰਵੀਂ ਤੁਰਦਾ ਹੈ ।

ਉਹ ਫ਼ਕੀਰ ਜੋ ਸੰਸਾਰਕ ਕਾਰਜਾਂ ਤੋਂ ਘਬਰਾ ਕੇ ਏਕਾਂਤ ਵਾਸੀ ਬਣ ਜਾਂਦਾ ਹੈ ਉਹ ਇਕ ਕਮਜ਼ੋਰੀ ਦਿਖਾਉਂਦਾ ਹੈ । ਇਸਲਾਮ ਵਿੱਚ ਸਨਿਆਸ (ਦੁਨੀਆ ਦਾ ਤਿਆਗ) ਨਹੀਂ । ਅਸੀਂ ਕਦੇ ਨਹੀਂ ਕਹਿੰਦੇ ਕਿ ਇਸਤਰੀਆਂ ਤੇ ਬਾਲ ਬੱਚਿਆਂ

ਨੂੰ ਤਿਆਗ ਦਿਓ ਅਤੇ ਸੰਸਾਰਕ ਕਾਰੋਬਾਰ ਛੱਡ ਦਿਓ । ਨਹੀਂ, ਸਗੋਂ ਮੁਲਾਜ਼ਮ ਨੂੰ ਚਾਹੀਦਾ ਹੈ ਕਿ ਆਪਣੀ ਮੁਲਜ਼ਮਤ ਦੇ ਫ਼ਰਜ਼ ਪੂਰੇ ਕਰੇ ਅਤੇ ਵਪਾਰੀ ਆਪਣੇ ਕਾਰੋਬਾਰ ਨੂੰ ਪੂਰਾ ਕਰੇ ਪਰ ਧਰਮ ਨੂੰ ਪਹਿਲ ਦੇਵੇ ਇਹ ਸ਼ਰਤ ਹੈ ।

ਨਮਾਜ਼ਾਂ ਦੀ ਸੁਰੱਖਿਆ ਬਾਰੇ ਰੱਬ ਫ਼ਰਮਾਉਂਦਾ ਹੈ ਕਿ 'ਹਾਫ਼ਿਜ਼ੂ ਅਲਸ ਸਲਾਵਾਤਿ ਵਸ ਸਲਾਤਿਲ ਵੁਸਤਾ, ਵਕੂਮੂ ਲਿਲੱਾਹਿ ਕਾਨਿਤੀਨ' (حٰفِظُوْا عَلَى الصَّلَوٰتِ وَالصَّلٰوةِ الْوُسْطٰى ۚ وَقُوْمُوْا لِلّٰهِ قٰنِتِيْنَ) ਕਿ ਆਪਣੀਆਂ ਨਮਾਜ਼ਾਂ ਦੀ ਸੁਰੱਖਿਆ ਕਰੋ ਵਿਸ਼ੇਸ਼ ਕਰਕੇ ਕੇਂਦਰੀ ਨਮਾਜ਼ ਦੀ ਅਤੇ ਰੱਬ ਦੀ ਹਜ਼ੂਰੀ ਵਿੱਚ ਆਗਿਆਕਾਰੀ ਕਰਦਿਆਂ ਹੋਇਆਂ ਖੜੇ ਹੋ ਜਾਓ । ਇਸ ਆਇਤ ਵਿੱਚ ਵਿਸ਼ੇਸ਼ ਰੂਪ ਵਿੱਚ ਉਹਨਾਂ ਲੋਕਾਂ ਨੂੰ ਨਮਾਜ਼ ਵੱਲ ਧਿਆਨ ਦੁਆਇਆ ਗਿਆ ਹੈ ਜਿੰਨਾ ਲਈ ਕੋਈ ਵੀ ਨਮਾਜ਼ ਭਾਰ ਹੈ । ਜੇਕਰ ਫਜਰ ਦੀ ਨਮਾਜ਼ ਵਿੱਚ ਰਾਤ ਦੇਰ ਤੱਕ ਜਾਗਣ ਕਰਕੇ ਅਤੇ ਸੁਸਤੀ ਕਰਕੇ ਸ਼ਾਮਲ ਹੋਣਾ ਮੁਸ਼ਕਲ ਹੈ ਤਾਂ ਇਹ ਅਜਿਹੇ ਮਨੁੱਖ ਲਈ 'ਸਲਾਤੁਲ ਵੁਸਤਾ' (صَلٰوةِ الْوُسْطٰى) ਹੈ ਜੇਕਰ ਵਪਾਰੀ ਮਨੁੱਖ ਲਈ ਜ਼ੁਹਰ ਤੇ ਅਸਰ ਦੀ ਨਮਾਜ਼ ਪੜ੍ਹਨਾ ਮੁਸ਼ਕਲ ਹੈ ਤਾਂ ਇਹ ਉਸ ਲਈ ਸਲਾਤੁਲ ਵੁਸਤਾ ਹੈ ।

ਫਿਰ ਇਕ ਆਦੇਸ਼ ਕੁਰਆਨ ਕਰੀਮ ਵਿੱਚ ਰੱਬ ਨੇ ਅਹਿਦ (ਪ੍ਰਣ) ਨੂੰ ਪੂਰਾ ਕਰਨ ਅਤੇ ਉਸ ਦੀ ਪਾਬੰਦੀ ਕਰਨ ਦਾ ਦਿਤੱਾ ਹੈ । ਇਸ ਵਿੱਚ ਰੱਬ ਨਾਲ ਕੀਤੇ ਹੋਏ ਪ੍ਰਣ ਵੀ ਹਨ ਅਤੇ ਬੰਦਿਆਂ ਨਾਲ ਕੀਤੇ ਪ੍ਰਣ ਵੀ ਹਨ । ਰੱਬ ਦੇ ਅਹਿਦ (ਵਾਦੇ) ਰੱਬ ਦੇ ਧਰਮ ਬਾਰੇ ਅਹਿਦ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਆਉਣ ਦਾ ਜੋ ਅਹਿਦ (ਪ੍ਰਣ) ਹੈ, ਦੁਨੀਆ ਨੂੰ ਧਰਮ ਉਪੱਰ ਪਹਿਲ ਦਾ ਜੋ ਅਸੀਂ ਅਹਿਦ ਕੀਤਾ ਹੈ । ਇਸਲਾਮੀ ਸਿੱਖਿਆ ਉਪੱਰ ਅਮਲ ਕਰਨ ਦਾ ਜੋ ਅਸੀਂ ਪ੍ਰਣ ਕੀਤਾ ਹੈ, ਓਹਨਾਂ ਸਾਰੀਆਂ ਗਲੱਾਂ ਦੀ ਪਾਬੰਦੀ ਦਾ ਪ੍ਰਣ ਹੈ ਜੋ ਅਲੱਾਹ ਤਆਲਾ ਦੇ ਹੱਕ ਪੂਰੇ ਕਰਨ ਦਾ ਧਿਆਨ ਦੁਆਉਂਦੇ ਹਨ । ਬੈਅਤ ਦੀਆਂ ਸ਼ਰਤਾਂ ਵਿੱਚ ਸਾਰੀਆਂ ਗਲੱਾਂ ਸ਼ਾਮਲ ਹਨ ਅਤੇ ਬੰਦਿਆਂ ਦੇ ਹੱਕ ਪੂਰੇ ਕਰਨ ਵੱਲ ਵੀ ਧਿਆਨ ਦੁਆਇਆ ਹੈ ਇਸ ਵੱਲ ਸਾਨੂੰ ਧਿਆਨ ਦੇਣਾ ਚਾਹਿਦਾ ਹੈ ।

ਅਲੱਾਹ ਤਆਲਾ ਫ਼ਰਮਾਉਂਦਾ ਹੈ ਕਿ ''ਵ ਔਫ਼ੂ ਬਿ-ਅਹਦਿਲੱਾਹਿ ਇਜ਼ਾ ਆਹਦੱਤੁਮ ਵਲਾ ਤਨਕੁਜ਼ੁਲ ਐਮਾਨਾ ਬਾਦਾ ਤੌਕੀਦਿਹਾ ਵਕਦ ਜਅਲਤੁਮੁਲੱਾਹਾ ਅਲੈਕੁਮ ਕਫ਼ੀਲਾ, ਇਨੱਲੱਾਹਾ ਯਾਲਾਮੂ ਮਾ ਤਫ਼ਆਲੂਨ''

(وَاَوْفُوْا بِعَهْدِ اللّٰهِ اِذَا عٰهَدْتُّمْ وَلَا تَنْقُضُوا الْاَيْمَانَ بَعْدَ تَوْكِيْدِهَا وَقَدْ جَعَلْتُمُ اللّٰهَ عَلَيْكُمْ كَفِيْلًا ؕ اِنَّ اللّٰهَ يَعْلَمُ مَا تَفْعَلُوْنَ)

ਅਤੇ ਤੁਸੀਂ ਰੱਬ ਦੇ ਅਹਿਦ (ਪ੍ਰਣ) ਨੂੰ ਪੂਰਾ ਕਰੋ ਜੱਦ ਤੁਸੀਂ ਅਹਿਦ ਕਰੋ ਅਤੇ ਕਸਮਾਂ ਨੂੰ ਉਹਨਾਂ ਦੀ ਪੱਕਿਆਈ ਦੇ ਬਾਦ ਨ ਤੋੜੋ ਜੱਦ ਕਿ ਤੁਸੀਂ ਰੱਬ ਨੂੰ ਆਪਣੇ ਉਪੱਰ ਕਫ਼ੀਲ (ਪਾਲਣਹਾਰ) ਬਣਾ ਚੁਕੇ ਹੋ, ਰੱਬ ਨਿਸਚੇ ਹੀ ਜਾਣਦਾ ਹੈ ਜੋ ਕੁਝ ਤੁਸੀ ਕਰਦੇ ਹੋ । ਸੋ, ਬਹੁਤ ਹੀ ਸਪਸ਼ਟ ਆਦੇਸ਼ ਹੈ ਕਿ ਤੁਹਾਡੇ ਦੋ ਵਾਦੇ (ਪ੍ਰਣ) ਹਨ ਇਕ ਰੱਬ ਤੋਂ ਕੀਤਾ ਹੋਇਆ ਵਾਦਾ ਜੋ ਨਿਸ਼ਚੇ ਹੀ ਇਸਲਾਮ ਦੀ ਸਿੱਖਿਆ ਉਪੱਰ ਚਲੱਣ ਦਾ ਪ੍ਰਣ ਹੈ ਅਤੇ ਬੈਅਤ ਦਾ ਪ੍ਰਣ ਹੈ । ਇਹ ਪ੍ਰਣ ਹੈ ਕਿ ਮੈਂ ਇਸਲਾਮ ਵਿੱਚ ਦਾਖ਼ਲ ਹੋਕੇ ਮੁਸਲਮਾਨ ਅਖਵਾ ਕੇ ਰੱਬ ਦੇ ਸਾਰਿਆਂ ਆਦੇਸ਼ਾਂ ਉਪੱਰ ਅਮਲ ਕਰਾਂਗਾ ਅਤੇ ਦੂਜੀ ਗੱਲ ਇਹ ਵਰਨਣ ਕੀਤੀ ਕਿ ਤੁਸੀਂ ਆਪੋ ਵਿੱਚ ਜੋ ਪ੍ਰਣ ਤੇ ਸਮਝੌਤੇ ਕਰਦੇ ਹੋ ਉਹਨਾਂ ਨੂੰ ਵੀ ਪੂਰਾ ਕਰੋ ।

ਸੋ, ਇਸ ਵਿਸ਼ੇ ਨੂੰ ਸਮਝਣ ਦੀ ਲੋੜ ਹੈ ਕਿ ਇਕ ਮੋਮਿਨ ਨੇ ਆਪਣੇ ਸਾਰੇ ਪ੍ਰਣ ਤੇ ਸਮਝੌਤੇ ਪੂਰੇ ਕਰਨੇ ਹਨ । ਜੇਕਰ ਇਸ ਗੱਲ ਦੀ ਮਹਤੱਾ ਤੇ ਹਕੀਕੀਤ ਨੂੰ ਸਮਝ ਲਈਏ ਤਾਂ ਹਰ ਪ੍ਰਕਾਰ ਦੇ ਝਗੜੇ ਅਤੇ ਧੋਖੇ ਧੜੇ ਅਤੇ ਆਰੋਪਾਂ ਤੋਂ ਸਾਡਾ ਸਮਾਜ ਮੁਕਤ ਹੋ ਸਕਦਾ ਹੈ । ਪਰਿਵਾਰਕ ਮਾਮਲਿਆਂ ਵਿੱਚ ਜੋ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਉਹ ਵੀ ਕਦੇ ਨ ਪੈਦਾ ਹੋਣ ਕਿਉਂਕਿ ਓਥੇ ਵੀ ਪ੍ਰਣ ਤੋੜੇ ਜਾ ਰਹੇ ਹੁੰਦੇ ਹਨ । ਅੱਜ ਕੱਲ ਮੈਂ ਦੇਖਿਆ ਹੈ ਸੰਸਾਰਕ ਲੋਭ ਕਰਕੇ ਸਾਡੇ ਅੰਦਰ ਵੀ ਪ੍ਰਣਾ ਨੂੰ ਤੋੜਨ ਅਤੇ ਧੋਖਾ ਦੇਣ ਅਤੇ ਮੂੰਹੋਂ ਕੀਤੇ ਇਕਰਾਰਾਂ ਨੂੰ ਪੂਰਾ ਨ ਕਰਨ ਦੇ ਮਾਮਲੇ ਵੱਧ ਰਹੇ ਹਨ । ਇਹਨਾਂ ਚੀਜਾਂ ਤੋਂ ਨ ਕੇਵਲ ਇਹ ਕਿ ਜਮਾਤ ਦੀ ਬਦਨਾਮੀ ਹੁੰਦੀ ਹੈ ਸਗੋਂ ਕਈ ਵਾਰ ਅਜਿਹੇ ਲੋਕਾਂ ਦਾ ਈਮਾਨ ਵੀ ਨਸ਼ਟ ਹੋ ਜਾਂਦਾ ਹੈ । ਸਮਝੌਤਿਆਂ ਨੂੰ ਜੋ ਮਨੁੱਖ ਤੋੜਦਾ ਹੈ ਤਾਂ ਝੂਠ ਦਾ ਆਸਰਾ ਲੈਂਦਾ ਹੈ ਅਤੇ ਝੂਠ ਬਾਰੇ ਰੱਬ ਨੇ ਬਹੁਤ ਕਰੜੇ ਅੰਦਾਜ਼ ਵਿੱਚ ਫ਼ਰਮਾ ਕੇ ਇਸ ਤੋਂ ਬਚਣ ਦਾ ਆਦੇਸ਼ ਦਿੱਤਾ ਹੈ ।

ਨਿਸ਼ਚੇ ਹੀ ਚੇਤੇ ਰੱਖੋ ਝੂਠ ਜਿਹੀ ਮਨਹੂਸ (ਅਸ਼ੁਭ) ਕੋਈ ਚੀਜ਼ ਨਹੀਂ । ਸਾਧਾਰਣ ਤੌਰ'ਤੇ ਦੁਨੀਆਦਾਰ ਕਹਿੰਦੇ ਹਨ ਕਿ ਸੱਚ ਬੋਲਣ ਵਾਲੇ ਗ੍ਰਿਫ਼ਤਾਰ ਹੁੰਦੇ ਹਨ, ਪਰ ਮੈਂ ਇਸ ਗੱਲ ਨੂੰ ਕਿਵੇਂ ਸਵੀਕਾਰ ਕਰਾਂ ? ਮੇਰੇ ਉਪੱਰ ਸੱਤ ਮੁਕਦੱਮੇ ਹੋਏ ਹਨ ਅਤੇ ਰੱਬ ਦੀ ਮਿਹਰ ਨਾਲ ਕਿਸੇ ਇਕ ਵਿੱਚ ਵੀ ਇਕ ਸ਼ਬਦ ਵੀ ਮੈਂਨੂੰ ਝੂਠ ਦਾ ਕਹਿਣ ਦੀ ਲੋੜ ਨਹੀਂ ਪਈ । ਕੋਈ ਦੱਸੇ ਕਿ ਕਿਸੇ ਇਕ ਵਿੱਚ ਵੀ ਮੈਂਨੂੰ ਰੱਬ ਨੇ ਹਾਰ ਦਿੱਤੀ ਹੋਵੇ । ਰੱਬ ਤਾਂ ਆਪ ਸਚੱਾਈ ਦਾ ਹਾਮੀ ਤੇ ਸਹਾਇਕ ਹੈ । ਇਹ ਹੋ ਸਕਦਾ ਹੈ ਕਿ ਉਹ ਸੱਚਿਆਰ ਨੂੰ ਦੰਡ ਦੇਵੇ ? ਅਸਲ ਗੱਲ ਇਹ ਹੈ ਕਿ ਸੱਚ ਬੋਲਣ ਨਾਲ ਜੋ ਦੰਡ ਪਾਉਂਦੇ ਹਨ, ਉਹ ਤਾਂ ਸੱਚ ਬੋਲਣ ਕਰਕੇ ਨਹੀਂ ਹੁੰਦਾ, ਉਹ ਦੰਡ ਉਹਨਾਂ ਦੇ ਕੁਝ ਹੋਰ ਗੁਪਤ ਤੇ ਲੁਕੀਆਂ ਹੋਈਆਂ ਬੁਰਾਈਆਂ ਕਰਕੇ ਹੁੰਦਾ ਹੈ ।

ਹਜ਼ੂਰ ਨੇ ਫ਼ਰਮਾਇਆ : ਮੁਤੱਕੀਆਂ (ਸੰਜਮਤਾ ਰਖੱਣ ਵਾਲਿਆਂ) ਦੀ ਰੱਬ ਨੇ ਇਕ ਨਿਸ਼ਾਨੀ ਇਹ ਦੱਸੀ ਹੈ ਕਿ ''ਵਲ ਕਾਜ਼ਿਮੀਨਲ ਗ਼ੈਜ਼ਾ ਵਲ ਆਫ਼ੀਨਾ ਅਨਿਨੱਾਸਿ'' ( وَالْكٰظِمِيْنَ الْغَيْظَ وَالْعَافِيْنَ عَنِ النَّاسِ) ਗੁੱਸੇ (ਕ੍ਰੋਧ) ਨੂੰ ਦਬਾਉਣ ਵਾਲੇ ਹਨ ਅਤੇ ਲੋਕਾਂ ਨੂੰ ਮੁਆਫ਼ ਕਰਨ ਵਾਲੇ ਹਨ । 'ਅਫ਼ਵ' (ਦਰਗੁਜ਼ਰ ਕਰਨਾ, ਖਿਮਾ ਕਰਨਾ) ਦਾ ਅਰਥ ਹੈ ਆਪਣੇ ਵਿਰੁਧ ਕੀਤੇ ਗਏ ਜੁਰਮ ਨੂੰ ਪੂਰਨਤਾ ਭੁੱਲ ਕੇ ਕਿਸੇ ਨੂੰ ਮੁਆਫ਼ ਕਰ ਦੇਣਾ । ਇਹ 'ਅਫ਼ਵ' ਹੈ । ਸੋ ਮੁਤੱਕੀ (ਸੰਜਮੀ) ਉਹ ਹੈ ਜੋ ਨ ਕੇਵਲ ਗੁੱਸੇ ਨੂੰ ਦਬਾਉਣ ਵਾਲਾ ਹੋਵੇ ਸਗੋਂ ਮੁਆਫ਼ ਕਰਨ ਵਾਲਾ ਵੀ ਹੋਵੇ ਅਤੇ ਫ਼ਿਰ ਮੁਆਫ਼ੀ ਵੀ ਇਸ ਪ੍ਰਕਾਰ ਦੀ ਕਿ ਜਿਸ ਨੇ ਵੀ ਮੇਰੇ ਵਿਰੁਧ ਜੁਰਮ ਕੀਤਾ ਹੈ ਮੈਂ ਉਸ ਨੂੰ ਭੁੱਲ ਜਾਵਾਂ । ਇਸ ਬਾਰੇ ਵਿਸਥਾਰ ਕਰਦਿਆਂ ਹੋਇਆ ਕਿ ਗੁੱਸੇ ਨੂੰ ਦਬਾਉਣ ਦੇ ਕੀ ਲਾਭ ਹਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚੇਤੇ ਰੱਖੋ ਕਿ ਅਕਲ ਤੇ ਜੋਸ਼ ਵਿੱਚ ਖ਼ਤਰਨਾਕ ਦੁਸ਼ਮਣੀ ਹੈ । ਜੱਦ ਜੋਸ਼ ਤੇ ਗੁੱਸਾ ਆਉਂਦਾ ਹੈ ਤਾਂ ਅਕਲ ਕਾਇਮ ਨਹੀਂ ਰਹਿ ਸਕਦੀ ਪਰ ਜੋ ਸਬਰ ਕਰਦਾ ਹੈ ਅਤੇ ਹੌਂਸਲੇ ਦਾ ਨਮੂਨਾ ਦਿਖਾਉਂਦਾ ਹੈ ਉਸ ਨੂੰ ਇਕ ਨੂਰ ਦਿੱਤਾ ਜਾਂਦਾ ਹੈ ਜਿਸ ਤੋਂ ਉਸ ਦੀ ਅਕਲ ਤੇ ਸੋਚ ਦੀਆਂ ਸ਼ਕਤੀਆਂ ਵਿੱਚ ਇਕ ਨਵਾਂ ਚਾਨ੍ਹਣਾ ਪੈਦਾ ਹੁੰਦਾ ਹੈ ਅਤੇ ਫਿਰ ਨੂਰ ਤੋਂ ਇਕ ਹੋਰ ਨੂਰ ਪੈਦਾ ਹੁੰਦਾ ਹੈ । ਗੁਸੱਾ ਅਤੇ ਜੋਸ਼ ਦੀ ਅਵਸਥਾ ਵਿੱਚ ਕਿਉਂਕਿ ਦਿਲ ਤੇ ਦਿਮਾਗ ਹਨ੍ਹੇਰੇ ਵਿੱਚ ਹੁੰਦੇ ਹਨ ਇਸ ਲਈ ਫਿਰ ਹਨ੍ਹੇਰੇ ਤੋਂ ਹੋਰ ਹਨ੍ਹੇਰਾ ਪੈਦਾ ਹੁੰਦਾ ਹੈ ।

ਫ਼ਰਮਾਇਆ ਕਿ ਗੁਸੱਾ ਤੇ ਦਾਨਾਈ ਦੋਵੇਂ ਇਕ ਥਾਂ ਇਕਤੱਰ ਨਹੀਂ ਹੋ ਸਕਦੇ ਜੋ ਗੁੱਸੇ ਵਿੱਚ ਗ੍ਰਿੱਸਿਆ ਹੁੰਦਾ ਹੈ ਉਸ ਦੀ ਅਕਲ ਮੋਟੀ ਅਤੇ ਬੋਧ ਘੱਟ ਹੁੰਦਾ ਹੈ । ਫ਼ਰਮਾਇਆ ਕਿ ਉਸ ਨੂੰ ਕਦੇ ਵੀ ਕਿਸੇ ਖੇਤਰ ਵਿੱਚ ਵਿਜੇ ਤੇ ਸਹਾਇਤਾ ਨਹੀਂ ਦਿੱਤੀ ਜਾਂਦੀ । ਗੁਸੱਾ ਅਧੱਾ ਜੁਨੂਨ ਹੈ ਜੱਦ ਇਹ ਭੜਕਦਾ ਹੈ ਤਾਂ ਪੂਰਾ ਜੁਨੂਨ ਹੋ ਸਕਦਾ ਹੈ । ਜੋ ਮਨੁੱਖ ਕਰੜਾ ਗੁਸੱਖੋਰ ਹੁੰਦਾ ਹੈ ਉਸ ਤੋਂ ਦਾਨਾਈ ਦਾ ਸੋਮਾ ਖੋਹ ਲਿਆ ਜਾਂਦਾ ਹੈ । ਜੇਕਰ ਕੋਈ ਵਿਰੋਧੀ ਹੋਵੇ ਤਾਂ ਉਸ ਤੋਂ ਵੀ ਗੁੱਸੇ ਵਿੱਚ ਆਣਕੇ ਗੱਲ ਨ ਕਰੇ ।

ਹਜ਼ਰਤ ਮਸੀਹ ਮੌਊਦ ਅਲਹਿ ਸਲਾਮ ਫ਼ਰਮਾਉਂਦੇ ਹਨ : ਲਾਜ਼ਮੀ ਹੈ ਕਿ ਮਨੁੱਖ ਬਦਜ਼ੱਨੀ ਤੇ ਗੁੱਸੇ ਤੋਂ ਬਹੁਤ ਬਚੇ, ਬਦਜ਼ੱਨੀ ਤੋਂ ਬਚਣ ਲਈ ਰੱਬ ਨੇ ਸਾਨੂੰ ਕੁਰਆਨ ਕਰੀਮ ਵਿੱਚ ਵੀ ਆਦੇਸ਼ ਦਿੱਤਾ ਹੈ । ਅਲੱਾਹ ਤਆਲਾ ਫ਼ਰਮਾਉਂਦਾ ਹੈ :

''ਯਾ ਅੱਯੋਹਲੱਜ਼ੀਨਾ ਆਮਾਨੁਜ ਤਨਿਬੂ ਕਸੀਰੰਮ ਮਿਨਜ਼ ਜ਼ੱਨਿ, ਇਨੱਾ ਬਜ਼ਜ਼ ਜ਼ੱਨਿ ਇਸਮੁੰਵ ਵਲਾ ਤਜਸੱਾਸੂ ਵਲਾ ਯਗ਼ਤਬ ਬਾਜ਼ੁਕੁਮ ਬਾਜ਼ਾ, ਆ ਯੁਹਿਬੁੱ ਆਹਾਦੁਕੁਮ ਅੰਯਾਕੁਲਾ ਲਹਮਾ ਅਖ਼ੀਹਿ ਮੈਤਨ ਫ਼-ਕਰਿਹਤੁਮੂਹੁ, ਵਤੱਾਕੁਲੱਾਹ, ਇਨੱਲੱਾਹਾ ਤਵੱਾਬੁੰਰ ਰਹੀਮ ।''

(يٰۤاَيُّهَا الَّذِيْنَ اٰمَنُوا اجْتَنِبُوْا كَثِيْرًا مِّنَ الظَّنِّ ۫ اِنَّ بَعْضَ الظَّنِّ اِثْمٌ وَّلَا تَجَسَّسُوْا وَلَا يَغْتَبْ بَّعْضُكُمْ بَعْضًا ؕ اَيُحِبُّ اَحَدُكُمْ اَنْ يَّاْكُلَ
لَحْمَ اَخِيْهِ مَيْتًا فَكَرِهْتُمُوْهُ ؕ وَاتَّقُوا اللّٰهَ ؕ اِنَّ اللّٰهَ تَوَّابٌ رَّحِيْمٌ ۝۱۲)

ਹੇ, ਲੋਕੋ ! ਜੋ ਈਮਾਨ ਲਿਆਏ ਹੋ 'ਜ਼ਨ' (ਸ਼ੰਕਿਤ ਸੰਭਾਵਨਵਾਂ) ਤੋਂ ਬਹੁਤ ਬੱਚਿਆ ਕਰੋ ਨਿਸ਼ਚੇ ਹੀ ਕੁਝ ਸ਼ੰਕਿਤ ਸੰਭਾਵਨਾਵਾਂ ਪਾਪ ਹੁੰਦੀਆਂ ਹਨ ਅਤੇ ਜੁਸਤਜੂ (ਜਿਗਿਆਸਾ) ਨ ਕੀਤਾ ਕਰੋ ਅਤੇ ਤੁਹਾਡੇ ਵਿੱਚੋਂ ਕੋਈ ਕਿਸੇ ਦੂਜੇ ਦੀ ਗ਼ੀਬਤ (ਚੁਗ਼ਲੀ) ਨ ਕਰੇ, ਕੀ ਤੁਹਾਡੇ ਵਿੱਚੋਂ ਕੋਈ ਇਹ ਪਸੰਦ ਕਰਦਾ ਹੈ ਕਿ ਉਹ ਆਪਣੇ ਮੁਰਦਾ ਭਾਈ ਦਾ ਮਾਸ ਖਾਏ, ਸੋ, ਤੁਸੀਂ ਇਸ ਗੱਲ ਤੋਂ ਸ਼ਖ਼ਤ ਘ੍ਰਿਣਾ ਕਰਦੇ ਹੋ ਅਤੇ ਰੱਬ ਦਾ ਤਕਵਾ (ਸੰਜਮਤਾ) ਧਾਰਣ ਕਰੋ, ਨਿਸ਼ਚੇ ਹੀ ਅਲੱਾਹ ਬਹੁਤ ਤੌਬਾ ਪਰਵਾਨ ਕਰਨ ਵਾਲਾ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਆਇਤ ਵਿੱਚ ਪਹਿਲੀ ਚੀਜ਼ ਜਿਸ ਤੋਂ ਬਚਣ ਦੀ ਗੱਲ ਹੈ ਉਹ ਬਦਜ਼ੱਨੀ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਬਦਜ਼ੱਨੀ ਅਜਿਹੀ ਬਿਮਾਰੀ ਤੇ ਅਜਿਹੀ ਬੁਰੀ ਬਲਾ ਹੈ ਜੋ ਮਨੁੱਖ ਨੂੰ ਅੰਨ੍ਹਾ ਕਰਕੇ ਬਰਬਾਦੀ ਦੇ ਹਨ੍ਹੇਰੇ ਖੂਹਾਂ ਵਿੱਚ ਸੁੱਟ ਦਿੰਦੀ ਹੈ । ਫਿਰ ਫ਼ਰਮਾਇਆ ਚੰਗੀ ਤਰ੍ਹਾਂ ਚੇਤੇ ਰੱਖੋ ਕਿ ਸਾਰੀਆਂ ਬੁਰਾਈਆਂ ਅਤੇ ਖ਼ਰਾਬੀਆਂ ਬਦਜ਼ੱਨੀ ਤੋਂ ਪੈਦਾ ਹੁੰਦੀਆਂ ਹਨ । ਇਸ ਲਈ ਰੱਬ ਨੇ ਇਸ ਤੋਂ ਬਹੁਤ ਮਨ੍ਹਾ ਕੀਤਾ ਹੈ । ਫਰਮਾਇਆ ਕਿ ਮਨੁੱਖ ਬਦਜ਼ੱਨੀ ਤੋਂ ਬਹੁਤ ਹੀ ਬਚੇ । ਜੇਕਰ ਕਿਸੇ ਬਾਰੇ ਕੋਈ ਸ਼ੰਕਾ ਪੈਦਾ ਹੋਵੇ ਤਾਂ ਬਹੁਤ ਇਸਤਗ਼ਫ਼ਾਰ (ਖਿਮਾ ਯਾਚਨਾ) ਕਰੋ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਫਿਰ ਦੂਜੀ ਗੱਲ ਜਿਸ ਤੋਂ ਰੱਬ ਨੇ ਸਾਨੂੰ ਰੋਕਿਆ ਹੈ ਇਸ ਆਇਤ ਵਿੱਚ ਜਿਗਿਆਸਾ ਕਰਨਾ ਹੈ, ਖੋਦ ਖੋਦ ਕੇ ਕਿਸੇ ਦੇ ਐਬ ਕਢੱਣਾ ਜਾਂ ਕਿਸੇ ਬਾਰੇ ਛਾਣਬੀਨ ਕਰਨੀ, ਜੋ ਚੀਜ ਕੋਈ ਨ ਦਸੱਣਾ ਚਾਹੁੰਦਾ ਹੋਵੇ ਉਸ ਬਾਰੇ ਅਵਸ਼ ਇਕ ਜਤਨ ਕਰਨਾ ਕਿ ਮੈਂਨੂੰ ਪਤਾ ਲੱਗ ਜਾਵੇ । ਇਹ ਚੀਜਾਂ ਗ਼ਲਤ ਹਨ ਇਸ ਤੋਂ ਵੀ ਬੁਰਾਈਆਂ ਪੈਦਾ ਹੁੰਦੀਆਂ ਹਨ । ਫਿਰ ਤੀਜਾ ਹੁਕਮ ਇਹ ਹੈ ਕਿ ਗ਼ੀਬਤ (ਚੁਗਲੀ) ਨ ਕਰੋ । ਗ਼ੀਬਤ ਕਰਨਾ ਅਜਿਹਾ ਹੀ ਹੈ ਜਿਵੇਂ ਕਿਸੇ ਨੇ ਆਪਣੇ ਮੁਰਦਾ ਭਾਈ ਦਾ ਮਾਸ ਖਾ ਲਿਆ ਅਤੇ ਇਸ ਤੋਂ ਤੁਸੀਂ ਸਖ਼ਤ ਘ੍ਰਿਣਾ ਕਰੋਗੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਰਮਜ਼ਾਨ ਵਿੱਚ ਜੱਦ ਕਿ ਅਸੀਂ ਚਾਹੁੰਦੇ ਹਾਂ ਕਿ ਰੱਬ ਦਾ ਤਕਵਾ ਧਾਰਣ ਕਰੀਏ ਅਤੇ ਉਸ ਦੀ ਨੇੜਤਾ ਸਾਨੂੰ ਪ੍ਰਾਪਤ ਹੋਵੇ ਅਤੇ ਆਪਣੀਆਂ ਦੁਆਵਾਂ ਨੂੰ ਪਰਵਾਨ ਹੁੰਦਾ ਦੇਖੀਏ ਤਾਂ ਇਹਨਾਂ ਬੁਰਾਈਆਂ ਤੋਂ ਬਚਣ ਦੀ ਅਤੇ ਰੱਬ ਦੇ ਆਦੇਸ਼ਾਂ ਉਪੱਰ ਅਮਲ ਕਰਨ ਦਾ ਸਾਨੂੰ ਬਹੁਤ ਜਤਨ ਕਰਨਾ ਚਾਹੀਦਾ ਹੈ । ਅਲੱਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਉਸ ਦੇ ਸਾਰਿਆਂ ਆਦੇਸ਼ਾਂ ਉਪੱਰ ਅਮਲ ਕਰਦਿਆਂ ਹੋਇਆਂ ਉਸ ਦੀ ਨੇੜਤਾ ਪ੍ਰਾਪਤ ਕਰਨ ਵਾਲੇ ਹੋਈਏ ਅਤੇ ਰਮਜ਼ਾਨ ਦੇ ਬਾਦ ਵੀ ਸਾਡੇ ਵਿੱਚ ਇਹ ਨੇਕੀਆਂ ਕਾਇਮ ਰਹਿਣ । ਰੱਬ ਦੇ ਹਕੀਕੀ ਆਬਦ (ਬੰਦਗੀ ਕਰਨ ਵਾਲੇ) ਬਣੀਏ ਅਤੇ ਉਸ ਦੀ ਕਾਮਲ ਅਗਿਆਕਾਰੀ ਧਾਰਨ ਕਰਨ ਵਾਲੇ ਅਸੀਂ ਹੋਈਏ ।

ਜੁਮਏ ਦੇ ਖੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਚੌਧਰੀ ਖ਼ਲੀਕ ਅਹਮਦ ਸਾਹਬ ਸਪੁਤੱਰ ਚੌਧਰੀ ਬਸ਼ੀਰ ਅਹਮਦ ਸਾਹਬ ਹਲਕਾ ਗੁਲਜ਼ਾਰ ਹਿਜਰੀ ਜ਼ਿਲਾ ਕਰਾਚੀ (ਪਾਕਿਸਤਾਨ), ਜਿਨ੍ਹਾ ਨੂੰ 49 ਸਾਲ ਦੀ ਉਮਰ ਵਿੱਚ ਜਮਾਤ ਦੇ ਵਿਰੋਧੀਆਂ 20 ਜੂਨ 2016 ਈ. ਨੂੰ ਰਾਤ ਸਾਢੇ ਨੌ ਵਜੇ ਉਹਨਾਂ ਦੇ ਕਲੀਨਿਕ ਵਿੱਚ ਵੜ੍ਹਕੇ ਫ਼ਇਰਿੰਗ ਕਰਕੇ ਸ਼ਹੀਦ ਕਰ ਦਿਤੱਾ, ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ (اناللهواناالیہراجعون), ਦਾ ਨਮਾਜ਼ ਜਨਾਜ਼ਾਹ ਪੜ੍ਹਆਉਣ ਦਾ ਐਲਾਨ ਕੀਤਾ ਅਤੇ ਆਪ ਦੇ ਸੱਦਗੁਣ ਵਰਨਣ ਕੀਤੇ ।

**Khulasa Khutba 24.06.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131